**ਲੋਕ ਅਦਾਲਤਾਂ 'ਚ ਦੋਹਾਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਕੀਤਾ ਜਾਂਦਾ ਹੈ ਝਗੜਿਆਂ ਦਾ ਨਿਪਟਾਰਾ: *ਸ਼ੈਸ਼ਨ ਜੱਜ***

ਤਰਨਤਾਰਨ, 31 ਜੁਲਾਈ ( 2017 ):

ਮੈਡਮ ਹਰਪ੍ਰੀਤ ਕੌਰ ਰੰਧਾਵਾ ਜ਼ਿਲ•ਾ ਸ਼ੈਸ਼ਨ ਜੱਜ ਤਰਨਤਾਰਨ ਨੇ ਦੱਸਿਆ ਕਿ ਰਾਸ਼ਟਰੀ ਲੋਕ ਅਦਾਲਤਾਂ ਦੌਰਾਨ ਦੋਹਾਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਵੱਖ ਵੱਖ ਕੇਸਾਂ ਨਾਲ ਸੰਬੰਧਤ ਝਗੜਿਆਂ ਦਾ ਨਿਪਟਾਰਾ ਬਿਨ•ਾਂ ਕਿਸੇ ਖੱਜਲ ਖੁਆਰੀ ਦੇ ਕੀਤਾ ਜਾਂਦਾ ਹੈ ਇਸ ਲਈ ਲੋਕਾਂ ਨੂੰ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

ਅੱਜ ਵੱਖ ਵੱਖ ਜ਼ਿਲ•ਾ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਮੈਡਮੀ ਰੰਧਾਵਾ ਨੇ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜੀ ਆਪਣੇ ਸੰਬੰਧਤ ਕੋਰਟ ਵਿਚ ਜਾਂ ਸਕੱਤਰ ਜ਼ਿਲ•ਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਇਸਤੋਂ ਇਲਾਵਾ ਇਸ ਸੰਬੰਧੀ ਜਾਣਕਾਰੀ ਲਈ 01852-223291 ਨੰਬਰ 'ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।



***ਕੈਪਸ਼ਨ: ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਜ਼ਿਲ•ਾ ਤੇ ਸ਼ੈਸ਼ਨ ਜੱਜ ਮੈਡਮ ਹਰਪ੍ਰੀਤ ਕੌਰ ਰੰਧਾਵਾ।***

ਮੈਡਮ ਰੰਧਾਵਾ ਨੇ ਕਿਹਾ ਕਿ ਲੋਕ ਅਦਾਲਤਾਂ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤਾ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਉਨ•ਾਂ ਕਿਹਾ ਕਿ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿੱਥੇ ਲੋਕਾਂ ਦੀ ਪੈਸੇ ਦੀ ਬਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਸ੍ਰੀ ਸ਼ਰਮਾ ਨੇ ਤਰਨਤਾਰਨ ਜ਼ਿਲ•ੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਰਾਸ਼ਟਰੀ ਲੋਕ ਅਦਾਲਤ ਦੌਰਾਨ ਵੱਧ ਤੋਂ ਵੱਧ ਮੁਕੱਦਮਿਆਂ ਦੇ ਹੱਲ ਲਈ ਅਰਜੀਆਂ ਦੇਣ।

ਮੀਟਿੰਗ ਦੌਰਾਨ ਮੈਡਮ ਰੰਧਾਵਾ ਨੇ ਕਿਹਾ ਕਿ ਜ਼ਿਲ•ਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਇਸ ਵਾਰ ਗਰੀਬ ਲੋਕਾਂ ਦੇ 41 ਕੇਸਾਂ ਵਿਚ ਮੁਫਤ ਵਕੀਲ ਦੀ ਸਹੂਲਤ ਮੁਹੱਈਆ ਕਰਵਾਈ ਗਈ ਸੀ ਅਤੇ ਇਨ•ਾਂ 41 ਕੇਸਾਂ ਦੀ ਰਾਸ਼ੀ ਵੀ ਮਨਜੂਰ ਹੋ ਚੁੱਕੀ ਹੈ। ਉਨ•ਾਂ ਕਿਹਾ ਕਿ ਜਦੋਂ ਵੀ ਵਕੀਲ ਇਨ•ਾਂ ਕੇਸਾਂ ਦੀ ਜੱਜਮੈਂਟ ਨੂੰ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਪੇਸ਼ ਕਰਨਗੇ ਤਾਂ ਉਨ•ਾਂ ਨੂੰ ਉਨ•ਾਂ ਦੀ ਫੀਸ ਮਿਲ ਜਾਵੇਗੀ। ਉਨ•ਾਂ ਦੱਸਿਆ ਕਿ ਕੋਈ ਵੀ ਗਰੀਬ ਤਬਕੇ ਨਾਲ ਸੰਬੰਧਤ ਵਿਅਕਤੀ ਮੁਫਤ ਕਾਨੂੰਨੀ ਸੇਵਾਵਾਂ ਲੈਣ ਦਾ ਅਧਿਕਾਰ ਰੱਖਦਾ ਹੈ।

ਇਸ ਮੀਟਿੰਗ ਵਿਚ ਸੀ.ਜੀ.ਐਮ. ਸੁਮਿਤ ਭੱਲਾ, ਸੀ.ਜੇ.ਐਮ. ਸ੍ਰੀ ਰਮਨ ਸ਼ਰਮਾ, ਏ.ਡੀ.ਸੀ. ਸ੍ਰੀ ਸੰਦੀਪ ਰਿਸ਼ੀ, ਐਸ.ਐਸ.ਪੀ. ਡੀ.ਐਸ. ਮਾਨ, ਮੈਂਬਰ ਪਰਮਜੀਤ ਸਿੰਘ ਅਹੂਜਾ, ਮਨਜੀਤ ਸਿੰਘ ਮੈਂਬਰ, ਪਰਮੋਦ ਸ਼ਰਮਾ ਜ਼ਿਲ•ਾ ਅਟਾਰਨੀ, ਕੰਵਲਜੀਤ ਸਿੰਘ ਵਿਰਕ ਸੈਕਟਰੀ ਬਾਰ ਕੌਂਸਲ ਆਦਿ ਹਾਜ਼ਰ ਸਨ।